ਆਪ ਕਰਨ ਤੋਂ ਅਸਮਰੱਥ ਹਾਂ। ਇਸ ਲਈ ਅਸੀਂ ਆਪਣੀ ਖੁਸ਼ੀ ਵਾ ਰਜਾਮੰਦੀ ਨਾਲ ਆਪਣੀ ਮਰਜੀ ਨਾਲ ਆਪਣੇ ਵੱਲੋਂ **ਐਟਲਾਂਟਿਕ ਬਿਲਡਰਜ ਮੁੱਖ ਦਫਤਰ ਐਸ.ਸੀ.ਓ 5 ਫਸਟ ਫਲੋਰ, ਬਾਂਸਾਂ ਵਾਲੀ ਚੂੰਗੀ, ਨੇੜੇ ਆਈ.ਸੀ.ਆਈ.ਸੀ.ਆਈ. ਬੈਂਕ, ਖਰੜ ਤਹਿਸੀਲ ਖਰੜ ਜਿਲ੍ਹਾ ਸਾਹਿਬਜਾਦਾ ਅਜੀਤ ਸਿੰਘ ਨਗਰ** ਨੂੰ ਮੁਖਤਿਆਰੇਆਮ ਮੁਕਰਰ ਕਰਕੇ ਅਧਿਕਾਰ ਦਿੰਦੇ ਹਾਂ ਕਿ ਉਕਤ ਮੁਖਤਿਆਰੇਆਮ ਉਕਤ ਜਾਇਦਾਦ ਦਾ ਹਰ ਤਰ੍ਹਾਂ ਨਾਲ ਸਹੀ ਤੇ ਮੁਕੰਮਲ ਬੰਦੋਬਸਤ ਕਰੇ। ਇਸ ਦੀ ਦੇਖਭਾਲ ਤੇ ਸੰਭਾਲ ਕਰੇ। ਇਸ ਜਾਇਦਾਦ ਤੇ ਉਸਾਰੀ ਕਰਨ ਲਈ, ਸਬੰਧਤ ਅਥਾਰਟੀ ਕੋਲੋਂ ਨਕਸ਼ਾ ਪਾਸ ਕਰਵਾਏ। ਸਕਿਓਰਟੀ ਦੀ ਰਕਮ ਜਮ੍ਹਾਂ ਕਰਾਵੇ ਤੇ ਕਢਾਵੇ ਅਤੇ ਉਸਾਰੀ ਮੁਕੰਮਲ ਕਰੇ, ਨਾਲ ਲੱਗਦੇ ਮਾਲਕਾਂ ਨਾਲ ਸਾਂਝੀ ਕੰਧ ਦਾ ਲੈਣ-ਦੇਣ ਕਰੇ। ਕਿਸੇ ਝਗੜੇ ਤੇ ਫਰਕ ਦਾ ਨਿਪਟਾਰਾ ਕਰੇ। ਇਹ ਕਿ ਉਕਤ ਜਾਇਦਾਦ ਸਬੰਧੀ ਹਰ ਕਿਸਮ ਦੇ ਝਗੜੇ, ਮੁਕੱਦਮੇ ਆਦਿ ਦਾ ਨਿਪਟਾਰਾ ਕਰੇ। ਭਾਰਤ ਭਰ ਦੀਆਂ ਸਾਰੀਆਂ ਅਦਾਲਤਾਂ ਵਿੱਚ ਹਰ ਕਿਸਮ ਦੇ ਦਾਅਵੇ, ਜਵਾਬਦਾਅਵੇ, ਤਰਮੀਮੀ ਦਾਵੇ ਆਦਿ ਦਾਇਰ ਕਰੇ। ਉਹਨਾਂ ਦੀ ਪੈਰਵੀ ਤੇ ਜਵਾਬਦੇਹੀ ਕਰੇ। ਕੋਈ ਵਕੀਲ ਮੁਕਰਰ ਕਰੇ, ਹਰ ਕਿਸਮ ਦੇ ਬਿਆਨ, ਹਲਫੀਆ ਬਿਆਨ, ਸਬੂਤ, ਗਵਾਹ ਦਰਖਾਸਤਾਂ ਆਦਿ ਸਬੰਧਤ ਅਦਾਲਤਾਂ ਵਿਚ ਦਾਇਰ ਕਰੇ। ਕਿਸੇ ਨਾਲ ਕੋਈ ਰਾਜੀਨਾਮਾ ਕਰੇ, ਇਕਰਾਰਨਾਮਾ ਕਰੇ, ਕੋਈ ਫੈਸਲਾ ਕਰੇ। ਕੋਈ ਦਾਅਵਾ ਵਾਪਸ ਲਵੇ। ਅਦਾਲਤ ਦੇ ਫੈਸਲੇ ਤੇ ਹੁਕਮ ਅਤੇ ਡਿਕਰੀ ਦੇ ਖਿਲਾਫ ਹਰ ਕਿਸਮ ਦੀ ਅਪੀਲ, ਰੀਵਿਊ, ਰਿੱਟ, ਰਿਵੀਜਨ ਆਦਿ ਭਾਰਤ ਭਰ ਦੀ ਉੱਚੀ ਤੋਂ ਉੱਚੀ ਅਦਾਲਤ ਤੱਕ ਦਾਇਰ ਕਰੇ ਤੇ ਉਹਨਾਂ ਦੀ ਪੈਰਵੀ ਕਰੇ। ਇਹ ਕਿ ਮੁਖਤਿਆਰੇਆਮ ਉਕਤ ਜਾਇਦਾਦ ਨੂੰ ਅਤੇ ਇਸਤੇ ਬਣਨ ਵਾਲੀ ਬਿਲਡਿੰਗ ਨੂੰ ਇਕੱਠੀ ਜਾਂ ਹਿੱਸਿਆਂ ਵਿੱਚ ਕਿਰਾਏ ਤੇ ਦਵੇ ਅਤੇ ਕਿਰਾਇਆਨਾਮਾ ਲਿਖਾਵੇ। ਕਿਰਾਇਆ ਵਸੂਲ ਕਰੇ। ਰਸੀਦ ਦਵੇ, ਕਿਸੇ ਕਿਰਾਏਦਾਰ ਨੂੰ ਬੇਦਖਲ ਕਰੇ, ਨਵੇਂ ਨੂੰ ਆਬਾਦ ਕਰੇ। ਕਿਸੇ ਕਿਰਾਏਦਾਰ ਨੂੰ ਬੇਦਖਲ ਕਰਨ ਲਈ ਲੋੜੀਂਦੀ ਕਾਰਵਾਈ ਕਰੇ। ਲੋੜ ਪੈਣ ਤੇ ਬਜਰੀਆ ਅਦਾਲਤ ਦੇ ਖਾਲੀ ਕਰਵਾਏ। ਇਸ ਮੰਤਵ ਲਈ ਲੋੜੀਂਦੀ ਸਾਰੀ ਕਾਰਵਾਈ ਕਰੇ ਤੇ ਕਰਵਾਏ। ਇਹ ਕਿ ਮੁਖਤਿਆਰੇਆਮ ਸਾਡੀ ਉਕਤ ਜਾਇਦਾਦ ਨੂੰ ਅੱਗੇ ਕਿਸੇ ਵੀ ਕੋਲ ਬਜਰੀਆ ਬੈਅ, ਰਹਿਣ, ਆੜ ਰਹਿਣ, ਹਿਬਾ ਅਤੇ ਤਬਾਦਲੇ ਆਦਿ ਤਰੀਕੇ ਨਾਲ ਮੁੰਤਕਿਲ ਕਰੇ, ਟਰਾਂਸਫਰ ਕਰੇ। ਇਸ ਸਬੰਧ ਵਿੱਚ ਕਿਸੇ ਨਾਲ ਕੋਈ ਇੱਕਰਾਰਨਾਮਾ ਕਰੇ। ਬਿਆਨਾ ਵਸੂਲ ਕਰੇ, ਰਸੀਦ ਦਵੇ। ਉਕਤ ਜਾਇਦਾਦ ਸਬੰਧੀ ਹਰ ਕਿਸਮ ਦੇ ਵਸੀਕੇ ਜਾਤ ਯਾਨਿ ਕਿ ਬੈਨਾਮਾ, ਰਹਿਣਨਾਮਾ, ਆੜ ਰਹਿਣਨਾਮਾ, ਹਿਬਾਨਾਮਾ, ਤਬਾਦਲਾਨਾਮਾ, ਟਰਾਂਸਫਰ ਡੀਡ, ਤਤੀਮਾਨਾਮਾ, ਕਿਰਾਇਆ ਨਾਮਾ ਆਦਿ ਲਿਖਵਾਕੇ, ਦਸਤਖਤ ਕਰਕੇ, ਮੁੰਕਮਲ ਕਰਕੇ, ਸਬੰਧਤ ਸਬ-ਰਜਿਸਟਰਾਰ ਸਾਹਿਬ ਜੀ ਦੇ ਪੇਸ਼ ਕਰਕੇ ਤਸਦੀਕ ਵਾ ਰਜਿਸਟਰਡ ਕਰਾਵੇ। ਵਸੀਕਿਆਂ ਨੂੰ ਮੰਨੇ, ਇਕੱਠੀ ਵੇਚੇ ਜਾਂ ਟੁੱਕੜਿਆਂ ਦੇ ਰੂਪ ਵਿੱਚ ਵੇਚੇ। ਰਕਮ ਬੈਅ, ਰਹਿਣ ਦੀ ਵਸੂਲ ਕਰੇ। ਕਿਸੇ ਰਕਮ ਦਾ ਕੋਈ ਚੈੱਕ, ਡਰਾਫਟ ਆਦਿ ਵਸੂਲ ਕਰੇ, ਉਸਨੂੰ ਬੈਂਕਾਂ ਤੋਂ ਕੈਸ਼ ਕਰਾਵੇ। ਰਸੀਦ ਦੇਵੇ। ਵੇਚੀ ਗਈ ਜਾਇਦਾਦ ਦੀ ਮਲਕੀਅਤ ਤਬਦੀਲ ਕਰਾਵੇ। ਕਿਸੇ ਨੂੰ ਕਬਜਾ ਦਵੇ। ਕਿਸੇ ਨੂੰ ਮੁਖਤਿਆਰੇ ਖਾਸ ਜਾਂ ਸਬ ਮੁਖਤਿਆਰੇ ਆਮ ਨਿਯੁਕਤ ਕਰੇ, ਜਾਂ ਹਟਾਵੇ। ਕਿਸੇ ਨਾਲ ਕੋਈ ਇਕਰਾਰਨਾਮਾ ਕਰੇ। ਬਿਆਨਾ ਵਸੂਲ ਕਰੇ। ਰਸੀਦ ਦੇਵੇ। ਇਹ ਕਿ ਮੁਖਤਿਆਰੇਆਮ ਉਕਤ ਜਾਇਦਾਦ ਤੇ ਕਿਸੇ ਕਿਸਮ ਦੀ ਕੋਈ ਬਿਲਡਿੰਗ ਉਸਾਰੇ, ਬਿਲਡਿੰਗ ਦੇ ਲਈ ਬਿਜਲੀ, ਪਾਣੀ ਆਦਿ ਦੇ ਕੁਨੈਕਸ਼ਨ ਹਾਸਲ ਕਰੇ। ਸਕਿਓਰਟੀਆਂ ਦੀ ਰਕਮ ਜਮ੍ਹਾਂ ਕਰਾਵੇ ਤੇ ਕਢਾਵੇ, ਇਹ ਕਿ ਮੁਖਤਿਆਰੇਆਮ ਉਕਤ ਜਮੀਨ ਵਿੱਚ ਕੋਈ ਕਾਲੋਨੀ ਡਿਵੈਲਪ ਕਰੇ । ਇਸ ਸਬੰਧ ਵਿੱਚ ਜੋ ਵੀ ਲਿਖਾਪੜ੍ਹੀ ਪੰਜਾਬ ਸਰਕਾਰ ਦੇ ਕਿਸੇ ਵੀ ਮਹਿਕਮੇ ਵਿੱਚ ਕਿਸੇ ਵੀ ਸਥਾਨ ਤੇ ਕਰਨੀ ਜਰੂਰੀ ਹੋਵੇ ਨੂੰ ਉਕਤ ਮੁਖਤਿਆਰੇਆਮ ਮੁਕਿਰਾਨ ਵੱਲੋਂ ਕਰੇ ਤੇ ਕਰਾਵੇ। ਇਹ ਕਿ ਉਕਤ ਜਾਇਦਾਦ ਦੇ ਅਕਵਾਇਰ ਹੋ ਜਾਣ ਦੀ ਸੂਰਤ ਵਿੱਚ ਅਕਵਾਇਰ ਸ਼ੁਦਾ ਜਮੀਨ ਦੇ ਮੁਆਵਜੇ ਦੀ ਰਕਮ ਦੇ ਚੈੱਕ ਵਾਊਚਰ ਤੇ ਡਰਾਫਟ ਆਦਿ ਵਸੂਲ ਕਰੇ। ਇਹਨਾਂ ਨੂੰ ਬੈਂਕਾਂ ਤੋਂ ਕੈਸ਼ ਕਰਾਵੇ। ਰਕਮ ਵਸੂਲ ਕਰੇ। ਮੁਆਵਜੇ ਦੀ ਬਡੌਤਰੀ ਦੇ ਲਈ ਹਰ ਕਿਸਮ ਦੀਆਂ ਅਪੀਲਾਂ ਭਾਰਤ ਭਰ ਦੀ ਉੱਚੀ ਤੋਂ ਉੱਚੀ ਅਦਾਲਤ ਤੱਕ ਦਾਇਰ ਕਰੇ ਤੇ ਪੈਰਵੀ ਕਰੇ। ਵਧੀ ਹੋਈ ਰਕਮ ਮੁਆਵਜੇ ਦੀ ਵਸੂਲ ਕਰੇ। ਰਜਿਸਟਰੀ ਸਬੰਧੀ ਲੋੜੀਂਦਾ ਅਸ਼ਟਾਮ ਖਰੀਦ ਕਰੇ, ਲੋੜ ਨਾ ਪੈਣ ਤੇ ਰੀਫੰਡ ਕਰਾਵੇ, ਰੀਫੰਡ ਦੀ ਰਕਮ ਵਸੂਲ ਕਰੇ। ਇਸ ਸਬੰਧੀ ਹੋਰ ਕੋਈ ਵੀ ਜੋ ਕਾਰਵਾਈ ਕਰਨੀ ਜਰੂਰੀ ਹੋਵੇ ਨੂੰ ਕਰੇ, ਤੇ ਕਰਾਵੇ। ਇਹ ਕਿ

Devinder Singh